# ਕਿਰਾਏ ਦੇ ਘਰ ਵਿੱਚ ਭੋਜਨ ਉਗਾਉਣਾ

## ਕਿਰਾਏ ਦੇ ਘਰ ਵਿੱਚ ਭੋਜਨ ਉਗਾਉਣ ਦੇ ਤੁਹਾਡੇ ਕੋਲ ਬਹੁਤ ਸਾਰੇ ਤਰੀਕੇ ਹਨ ! ਤੁਹਾਨੂੰ ਸ਼ੁਰੂਆਤ ਕਰਨ ਵਿੱਚ ਸਹਾਇਤਾ ਲਈ ਇੱਥੇ ਕੁਝ ਸੁਝਾਅ ਹਨ:

- ਪਹਿਲਾਂ ਆਪਣੇ ਮਕਾਨ ਮਾਲਕ ਨਾਲ ਗੱਲ ਕਰੋ। ਤੁਸੀਂ ਆਪਣੀ ਬਗ਼ੀਚੀ ਸਿੱਧਾ ਜ਼ਮੀਨ ਵਿੱਚ ਹੀ ਲਗਾਉਣ ਦੇ ਯੋਗ ਹੋ ਸਕਦੇ ਹੋ, ਜਾਂ ਤੁਹਾਨੂੰ ਕੋਈ ਵੱਖਰਾ ਤਰੀਕਾ ਲੱਭਣ ਦੀ ਜ਼ਰੂਰਤ ਹੋ ਸਕਦੀ ਹੈ।

- ਜੇ ਤੁਸੀਂ ਜ਼ਮੀਨ ਵਿੱਚ ਬੂਟੇ ਲਾਉਣ ਦੇ ਯੋਗ ਨਹੀਂ ਹੋ, ਤਾਂ ਤੁਸੀਂ ਗ਼ਮਲੇ ਜਾਂ ਕਿਸੇ ਚੁਕਵੇਂ, ਉੱਪਰ ਉਠਾਈ ਬਗ਼ੀਚੇ ਦੀ ਕਿਆਰੀ ਦੀ ਵਰਤੋਂ ਕਰ ਸਕਦੇ ਹੋ। ਜੇ ਤੁਸੀਂ ਕਰ ਸਕਦੇ ਹੋ, ਤਾਂ ਵੱਖ-ਵੱਖ ਥਾਵਾਂ 'ਤੇ ਨਿਸ਼ਾਨ ਛੱਡਣ ਤੋਂ ਬਚਾਉਣ ਲਈ ਗ਼ਮਲਿਆਂ ਨੂੰ ਇਧਰ-ਉਧਰ ਕਰਦੇ ਰਹੋ।

- ਆਪਣੀ ਲੀਜ਼ (ਕਿਰਾਏ) ਦੀ ਮਿਆਦ ਬਾਰੇ ਸੋਚੋ। ਤੇਜ਼ੀ ਨਾਲ ਵਧਣ ਵਾਲੇ ਭੋਜਨ (ਜਿਵੇਂ ਪੱਤਾ ਗੋਭੀ ਦੀਆਂ ਕਿਸਮਾਂ, ਹਰੇ ਗੰਢੇ ਅਤੇ ਮੂਲੀ-ਸਲਗ਼ਮ) ਲਗਾਉਣ ਬਾਰੇ ਵਿਚਾਰ ਕਰੋ ਤਾਂ ਜੋ ਤੁਸੀਂ ਉਸੇ ਘਰ ਵਿੱਚ ਰਹਿੰਦੇ ਹੋਏ ਕਾਫ਼ੀ ਸਾਰਾ ਭੋਜਨ ਉਗਾ ਸਕੋ।

- ਤੁਸੀਂ ਭੋਜਨ ਨੂੰ ਘਰ ਅੰਦਰ ਵੀ ਉਗਾਉਣ ਦੀ ਕੋਸ਼ਿਸ਼ ਕਰ ਸਕਦੇ ਹੋ। ਜੜ੍ਹੀ-ਬੂਟੀਆਂ [ਜਿਵੇਂ ਕਿ ਚਾਈਵਜ਼ (ਹਰੇ ਲੱਸਣ ਦੀਆਂ ਭੂਕਾਂ), ਧਣੀਆ ਜਾਂ ਓਰੇਗਾਨੋ (ਪੁਦੀਨੇ ਵਰਗੇ)] ਨੂੰ ਘਰ ਦੇ ਅੰਦਰ ਉਗਾਇਆ ਜਾ ਸਕਦਾ ਹੈ। ਇਹ ਬਹੁਤ ਸਾਰੀ ਧੁੱਪ ਨੂੰ ਪਸੰਦ ਕਰਦੇ ਹਨ ਇਸ ਲਈ ਖਿੜਕੀ ਦਾ ਛੱਜਾ ਬਹੁਤ ਵਧੀਆ ਜਗ੍ਹਾ ਹੈ।

- ਆਪਣੇ ਕਿਰਾਏ ਦੇ ਘਰ ਦੀ ਮਿਆਦ ਦੇ ਖ਼ਤਮ ਹੋਣ ਬਾਰੇ ਯੋਜਨਾ ਬਣਾਉ। ਤੁਸੀਂ ਆਪਣੀ ਬਗ਼ੀਚੀ ਨੂੰ ਆਪਣੇ ਨਾਲ ਕਿਵੇਂ ਲੈ ਕੇ ਜਾਓਗੇ ? ਹੋਰ ਕੰਟੇਨਰਾਂ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ, ਜਿਵੇਂ ਪੌਲਿਸਟ੍ਰੀਨ (ਫ਼ੋਮ ਦੇ) ਬਕਸੇ ਜਾਂ ਪਲਾਸਟਿਕ ਦੇ ਗ਼ਮਲੇ। ਇਹ ਹਲਕੇ ਹੁੰਦੇ ਹਨ ਅਤੇ ਤੁਹਾਨੂੰ ਨਾਲ ਲਿਜਾਣੇ ਅਸਾਨ ਹੋਣਗੇ।

**ਵਧੇਰੇ ਸਰੋਤਾਂ ਲਈ, ਵੇਖੋ:**
**www.foodfromhome.org/resources/**

